## ਦਫਤਰ ਪ੍ਰਸ਼ਾਸਕ (ਆਰ.ਆਰ.)-ਕਮ-ਐਡੀਸ਼ਨਲ ਡਿਪਟੀ ਕਮਿਸ਼ਨਰ (ਜਨਰਲ), ਐਸ.ਏ.ਐਸ. ਨਗਰ

ਵਿਸ਼ਾ: ਐਸ.ਏ.ਐਸ. ਨਗਰ ਦੇ ਐਰੋਟ੍ਰੋਪਲਿਸ ਪ੍ਰੋਜੈਕਟ ਦੀ ਸਥਾਪਨਾ ਲਈ ਪਿੰਡ ਬੈੜ ਦੀ ਭੋਂ ਪ੍ਰਾਪਤ ਕਰਨ ਸਬੰਧੀ ਪ੍ਰਭਾਵਿਤ ਪਰਿਵਾਰਾਂ ਲਈ ਮੁੜ ਵਸਾਉਣ ਅਤੇ ਮੁੜ ਸਥਾਪਤੀ ਸਕੀਮ।

0.1 ਪ੍ਰੋਜੈਕਟ ਅਤੇ ਲੋੜ ਬਾਰੇ ਸੰਖੇਪ:
ਐਰੋਟ੍ਰੋਪਲਿਸ ਪ੍ਰੋਜੈਕਟ ਦੀ ਪਾਕੇਟ ਏ, ਬੀ, ਸੀ ਅਤੇ ਡੀ ਦੀ ਸਥਾਪਨਾ ਲਈ ਭੋਂ ਪ੍ਰਾਪਤੀ ਦਾ ਕੰਮ ਪਹਿਲਾਂ ਹੀ ਮੁਕੰਮਲ ਹੋ ਚੁੱਕਿਆ ਹੈ, ਪ੍ਰੰਤੂ ਇਸ ਪ੍ਰੋਜੈਕਟ ਦੀਆਂ ਬਾਕੀ ਰਹਿੰਦੀਆਂ ਪੌਕਟਾਂ ਦੀ ਸਥਾਪਨਾ ਲਈ ਭੋਂ ਪ੍ਰਾਪਤੀ ਬਾਬਤ ਕਾਰਵਾਈ ਆਰੰਭੀ ਗਈ ਹੈ। ਪ੍ਰਾਪਤ ਕੀਤੀ ਜਾ ਰਹੀ ਭੋਂ ਵਿਚ ਪਿੰਡ ਬੈੜ ਵੀ ਸ਼ਾਮਲ ਹੈ।

0.2 ਮੁੜ ਵਸੇਬਾ ਅਤੇ ਮੁੜ ਸਥਾਪਤੀ ਸਕੀਮ:
ਇਹ ਮੁੜ ਵਸੇਬਾ ਅਤੇ ਮੁੜ ਸਥਾਪਤੀ ਸਕੀਮ RFCTLARR Act, 2013 ਦੀ ਧਾਰਾ 16 ਵਿਚ ਕੀਤੇ ਉਪਬੰਧਾਂ ਅਨੁਸਾਰ ਤਿਆਰ ਕੀਤੀ ਗਈ ਹੈ ਅਤੇ ਇਸ ਸਕੀਮ ਨੂੰ ਤਿਆਰ ਕਰਨ ਲਈ ਨਿਮਨ ਵਿਧੀ ਨੂੰ ਅਪਣਾਇਆ ਗਿਆ ਹੈ:

ੳ) ਮਰਦਮ-ਸ਼ੁਮਾਰੀ ਸਰਵੇਖਣ (Census survey): ਮਰਦਮ-ਸ਼ੁਮਾਰੀ ਸਰਵੇ ਸਾਲ 2014 ਦੌਰਾਨ ਜ਼ਮੀਨ ਅਤੇ ਮਕਾਨਾਤ ਦੇ ਸਰਵੇਖਣ, ਅੰਤਿਮ ਰੂਪ ਰੇਖਾ (alignment) ਅਤੇ ਜ਼ਮੀਨ ਦਾ ਸਮੁੱਚਾ ਸਰਵੇਖਣ ਕੀਤਾ ਗਿਆ। ਇਸ ਸਰਵੇਖਣ ਵਿਚ ਅਸਲ ਪ੍ਰਭਾਵ ਜ਼ਮੀਨ ਦਾ ਖੁੱਸ ਜਾਣਾ ਹੈ।

ਅ) ਜ਼ਮੀਨ ਦੇ ਮਾਲਕ ਨਾਲ ਵਿਚਾਰ-ਵਟਾਂਦਰਾ ਅਤੇ ਜਨਤਕ ਸੁਣਵਾਈ:
ਜਦੋਂ ਇਹ ਮੁੜ-ਵਸੇਬਾ ਅਤੇ ਮੁੜ ਸਥਾਪਤੀ ਸਕੀਮ ਤਿਆਰ ਕੀਤੀ ਗਈ ਤਾਂ ਬਹੁਤ ਸਾਰੇ ਮੁੱਦੇ, ਜਿਨ੍ਹਾਂ ਨੂੰ ਧਿਆਨ ਵਿਚ ਰੱਖਿਆ ਗਿਆ। ਕੁਝ ਮੁੱਦੇ ਪਿੰਡ ਦੇ ਪੱਧਰ 'ਤੇ ਅਤੇ ਕੁਝ ਮੁੱਦੇ ਨਿਜੀ ਤੌਰ 'ਤੇ ਵਿਚਾਰੇ ਗਏ। ਪ੍ਰਸਤਾਵਿਤ ਪ੍ਰੋਜੈਕਟ ਦੀ ਭੋਂ-ਪ੍ਰਾਪਤੀ ਦੇ ਹੱਕ ਵਿਚ ਲੋਕਾਂ ਵੱਲੋਂ ਹੁੰਗਾਰਾ ਭਰਿਆ ਗਿਆ। ਉਲੀਕੀ ਗਈ ਯੋਜਨਾ ਸਬੰਧੀ ਮਰਦਮ-ਸ਼ੁਮਾਰੀ (Census Survey) ਦੇ ਨਿਸ਼ਕਰਸ਼ਾਂ ਮੁਤਾਬਕ ਸਕੀਮ ਦੇ ਸਰਵੇਖਣ ਦੀ ਤਫ਼ਸੀਲ ਨਿਮਨ ਅਨੁਸਾਰ ਹੈ:-

| ਲੜੀ ਨੰ. | ਵਸਤੂਆਂ ਦਾ ਵੇਰਵਾ | ਪ੍ਰਭਾਵ | ਆਰ. ਐਂਡ ਆਰ. ਸਕੀਮ ਤਹਿਤ ਦਿੱਤਾ ਜਾਣ ਵਾਲਾ ਲਾਭ |
|---|---|---|---|
| 1. | ਅਚੱਲ ਸੰਪਤੀ ਦੇ ਵੇਰਵੇ: (1) ਮਕਾਨ ਅਤੇ ਡੇਅਰੀ ਫਾਰਮ (2) ਫਲਦਾਰ ਅਤੇ ਗੈਰ-ਫਲਦਾਰ ਦਰੱਖਤ | ਭੋਂ-ਪ੍ਰਾਪਤ ਕਰਨ ਦੀ ਸੂਰਤ ਵਿਚ ਇਨ੍ਹਾਂ ਸੰਪਤੀਆਂ ਦੇ ਖੁੱਸ ਜਾਣ ਨਾਲ ਲੋਕਾਂ ਦੀ ਜੀਵਨ ਸ਼ੈਲੀ 'ਤੇ ਕੋਈ ਖਾਸ ਪ੍ਰਭਾਵ ਨਹੀਂ ਪਵੇਗਾ | ਮਕਾਨ, ਡੇਅਰੀ ਫਾਰਮ, ਫਲਦਾਰ ਅਤੇ ਗੈਰ-ਫਲਦਾਰ ਦਰੱਖਤਾਂ ਦਾ ਮੁਆਵਜ਼ਾ ਸਬੰਧਤ ਵਿਭਾਗ ਵੱਲੋਂ ਕੀਤੀ ਅਸੈਸਮੈਂਟ ਅਨੁਸਾਰ ਦਿੱਤਾ ਜਾਵੇਗਾ। |
| 2. | ਜ਼ਮੀਨ ਦੇ ਖੁੱਸ ਜਾਣ ਨਾਲ ਰੋਜ਼ੀ-ਰੋਟੀ ਦੇ ਸਾਧਨਾਂ ਦਾ ਖੁੱਸ ਜਾਣਾ | ਭੋਂ ਦੇ ਖੁੱਸਣ ਨਾਲ ਰੋਜ਼ੀ-ਰੋਟੀ ਦੇ ਸਾਧਨ ਪ੍ਰਭਾਵਿਤ ਹੋਣਗੇ | ਭੋਂ-ਮਾਲਕਾਂ ਦੀ ਭੋਂ-ਪ੍ਰਾਪਤ ਕਰਨ ਦੀ ਸੂਰਤ ਵਿਚ ਹਰ ਭੋਂ-ਮਾਲਕ ਪਰਿਵਾਰ ਨੂੰ 5.00 ਲੱਖ ਰੁਪਏ ਆਰ. ਐਂਡ ਆਰ. ਵਜੋਂ ਮਦਦ ਦਿੱਤੀ ਜਾਵੇਗੀ। |
| 3. | ਬੇਜ਼ਮੀਨ ਲੋਕ ਜਿਨ੍ਹਾਂ ਦੀ ਰੋਜ਼ੀ-ਰੋਟੀ ਦਾ ਮੁੱਢਲਾ ਸਾਧਨ ਪ੍ਰਭਾਵਿਤ ਹੋਇਆ ਹੈ | ਕੋਈ ਨਹੀਂ | ਕੋਈ ਨਹੀਂ |
| 4. | ਜਨਤਕ ਸਥਾਨਾਂ ਸਰਕਾਰੀ ਇਮਾਰਤਾਂ ਦੀ ਗਿਣਤੀ | ਸਿੱਧੇ ਤੌਰ 'ਤੇ ਕੋਈ ਨਹੀਂ | -- |
| 5. | ਸਾਂਝੀ ਸੰਪਤੀ ਦਾ ਵੇਰਵਾ | ਗ੍ਰਾਮ ਪੰਚਾਇਤ | ਅਜਿਹੀ ਭੋਂ-ਪ੍ਰਾਪਤ ਕਰਨ ਦੀ ਸੂਰਤ ਵਿਚ ਬਣਦਾ ਮੁਆਵਜ਼ਾ ਸਬੰਧਤਾਂ ਨੂੰ ਜਾਂ ਸਬੰਧਤ ਵਿਭਾਗ ਨੂੰ ਦਿੱਤਾ ਜਾਵੇਗਾ। |
| 6. | ਭੋਂ-ਪ੍ਰਾਪਤੀ ਤੋਂ ਬਾਅਦ ਭੋਂ (ਖਸਰੇ) ਦੇ ਕੁਝ ਹਿੱਸੇ ਦਾ ਬਚ ਜਾਣ ਕਰਕੇ ਭੋਂ ਦਾ ਆਸੇ-ਪਾਸੇ ਬਚੇ ਦੋਫਾੜ ਟੁਕੜੀਆਂ ਵਾਲੀ ਜ਼ਮੀਨ | -- | ਪਲੈਨਿੰਗ ਅਨੁਸਾਰ ਹੀ ਮੌਜੂਦਾ ਭੋਂ-ਪ੍ਰਾਪਤ ਕੀਤੀ ਜਾ ਰਹੀ ਹੈ ਅਤੇ ਜੇਕਰ ਕੋਈ ਭੋਂ ਦਾ ਟੁਕੜਾ ਬਚ ਜਾਵੇਗਾ ਤਾਂ ਉਸ ਬਾਰੇ ਅੱਗੇ ਹੋਣ ਵਾਲੀ ਐਕੁਜ਼ੀਸ਼ਨ ਵਿਚ ਵਿਚਾਰ ਕੀਤਾ ਜਾ ਸਕਦਾ ਹੈ। |

Tsuh 21-1-2026

ਸਹੀ/- ਪ੍ਰਸ਼ਾਸਕ (ਆਰ.ਆਰ.)-ਕਮ-ਡਿਪਟੀ ਕਮਿਸ਼ਨਰ (ਜਨਰਲ), ਐਸ.ਏ.ਐਸ. ਨਗਰ, ਮੁਹਾਲੀ।

DPR/Pb/1324/12/2025-26/7332

## ਦਫਤਰ ਪ੍ਰਸ਼ਾਸਕ (ਆਰ.ਆਰ.)-ਕਮ-ਅਡੀਸ਼ਨਲ ਡਿਪਟੀ ਕਮਿਸ਼ਨਰ (ਜਨਰਲ) ਐਸ.ਏ.ਐਸ. ਨਗਰ

ਵਿਸ਼ਾ: ਐਸ.ਏ.ਐਸ. ਨਗਰ ਦੇ ਐਰੋਟ੍ਰੋਪਲਿਸ ਪ੍ਰੋਜੈਕਟ ਦੀ ਸਥਾਪਨਾ ਲਈ ਪਿੰਡ ਬੈੜ ਦੀ ਭੋਂ ਪ੍ਰਾਪਤ ਕਰਨ ਸਬੰਧੀ ਪ੍ਰਭਾਵਿਤ ਪਰਿਵਾਰਾਂ ਲਈ ਮੁੜ ਵਸਾਉਣ ਅਤੇ ਮੁੜ ਸਥਾਪਤੀ ਸਕੀਮ।

0.1 ਪ੍ਰੋਜੈਕਟ ਅਤੇ ਲੋੜ ਬਾਰੇ ਸੰਖੇਪ
ਐਰੋਟ੍ਰੋਪਲਿਸ ਪ੍ਰੋਜੈਕਟ ਦੀ ਪੌਕੇਟ ਏ,ਬੀ,ਸੀ ਅਤੇ ਡੀ ਦੀ ਸਥਾਪਨਾ ਲਈ ਭੋਂ ਪ੍ਰਾਪਤੀ ਦਾ ਕੰਮ ਪਹਿਲਾਂ ਹੀ ਮੁਕੰਮਲ ਹੋ ਚੁੱਕਿਆ ਹੈ, ਪ੍ਰੰਤੂ ਇਸ ਪ੍ਰੋਜੈਕਟ ਦੀਆਂ ਬਾਕੀ ਰਹਿੰਦੀਆਂ ਪੌਕਟਾਂ ਦੀ ਸਥਾਪਨਾ ਲਈ ਭੋਂ ਪ੍ਰਾਪਤੀ ਬਾਬਤ ਕਾਰਵਾਈ ਆਰੰਭੀ ਗਈ ਹੈ। ਪ੍ਰਾਪਤ ਕੀਤੀ ਜਾ ਰਹੀ ਭੋਂ ਵਿਚ ਪਿੰਡ ਬੈੜ ਵੀ ਸ਼ਾਮਿਲ ਹੈ।

0.2 ਮੁੜ ਵਸੇਬਾ ਅਤੇ ਮੁੜ ਸਥਾਪਤੀ ਸਕੀਮ :
ਇਹ ਮੁੜ ਵਸੇਬਾ ਅਤੇ ਮੁੜ ਸਥਾਪਤੀ ਸਕੀਮ RFCTLARR Act, 2013 ਦੀ ਧਾਰਾ 16 ਵਿਚ ਕੀਤੇ ਉਪਬੰਧਾਂ ਅਨੁਸਾਰ ਤਿਆਰ ਕੀਤੀ ਗਈ ਹੈ ਅਤੇ ਇਸ ਸਕੀਮ ਨੂੰ ਤਿਆਰ ਕਰਨ ਲਈ ਨਿਮਨ ਵਿਧੀ ਨੂੰ ਅਪਣਾਇਆ ਗਿਆ ਹੈ :-

(ੳ) ਮਰਦਮ ਸ਼ੁਮਾਰੀ ਸਰਵੇਖਣ (Census Survey) : ਮਰਦਮ ਸ਼ੁਮਾਰੀ ਸਰਵੇ ਸਾਲ 2014 ਦੌਰਾਨ ਜ਼ਮੀਨ ਅਤੇ ਮਕਾਨਾਤ ਦੇ ਸਰਵੇਖਣ ਅੰਤਿਮ ਰੂਪ ਰੇਖਾ (alignment) ਅਤੇ ਜ਼ਮੀਨ ਦਾ ਸਮੁੱਚੇ ਸਰਵੇਖਣ ਕੀਤਾ ਗਿਆ। ਇਸ ਸਰਵੇਖਣ ਵਿਚ ਅਸਲ ਪ੍ਰਭਾਵ ਜ਼ਮੀਨ ਦਾ ਖੁਸ ਜਾਣਾ ਹੈ।

(ਅ) ਜ਼ਮੀਨ ਦੇ ਮਾਲਕ ਨਾਲ ਵਿਚਾਰ-ਵਟਾਂਦਰਾ ਅਤੇ ਜਨਤਕ ਸੁਣਵਾਈ :
ਜਦੋਂ ਇਹ ਮੁੜ ਵਸੇਬਾ ਅਤੇ ਮੁੜ ਸਥਾਪਤੀ ਸਕੀਮ ਤਿਆਰ ਕੀਤੀ ਗਈ ਤਾਂ ਬਹੁਤ ਸਾਰੇ ਮੁੱਦੇ ਜਿਨ੍ਹਾਂ ਨੂੰ ਧਿਆਨ ਵਿਚ ਰੱਖਿਆ ਗਿਆ। ਕੁਝ ਮੁੱਦੇ ਪਿੰਡ ਦੇ ਪੱਧਰ 'ਤੇ ਅਤੇ ਕੁੱਝ ਮੁੱਦੇ ਨਿੱਜੀ ਤੌਰ 'ਤੇ ਵਿਚਾਰੇ ਗਏ। ਪ੍ਰਸਤਾਵਿਤ ਪ੍ਰੋਜੈਕਟ ਦੀ ਭੋਂ ਪ੍ਰਾਪਤੀ ਦੇ ਹੱਕ ਵਿਚ ਲੋਕਾਂ ਵਲੋਂ ਹੁੰਗਾਰਾ ਭਰਿਆ ਗਿਆ। ਉਲੀਕੀ ਗਈ ਯੋਜਨਾ ਸੰਬੰਧੀ ਮਰਦਮ ਸ਼ੁਮਾਰੀ (Census Survey) ਦੇ ਨਿਸ਼ਕਰਸ਼ਾਂ ਮੁਤਾਬਿਕ ਸਕੀਮ ਦੇ ਸਰਵੇਖਣ ਦੀ ਤਫਸੀਲ ਨਿਮਨ ਅਨੁਸਾਰ ਹੈ:-

| ਲੜੀ ਨੰ. | ਵਸਤੂਆਂ ਦਾ ਵੇਰਵਾ | ਪ੍ਰਭਾਵ | ਆਰ.ਐਂਡ ਆਰ. ਸਕੀਮ ਤਹਿਤ ਦਿੱਤਾ ਜਾਣ ਵਾਲਾ ਲਾਭ |
|---|---|---|---|
| 1. | ਅਚੱਲ ਸੰਪਤੀ ਵੇਰਵੇ: (1) ਮਕਾਨ ਅਤੇ ਡੇਅਰੀ ਫਾਰਮ (2) ਫਲਦਾਰ ਅਤੇ ਗੈਰ ਫਲਦਾਰ ਦਰੱਖਤ | ਭੋਂ ਪ੍ਰਾਪਤ ਕਰਨ ਦੀ ਸੂਰਤ ਵਿਚ ਇਨ੍ਹਾਂ ਸੰਪਤੀਆਂ ਦੇ ਖੁਸ ਜਾਣ ਨਾਲ ਲੋਕਾਂ ਦੀ ਜੀਵਨ ਸ਼ੈਲੀ ਦਾ ਕੋਈ ਖਾਸ ਪ੍ਰਭਾਵ ਨਹੀਂ ਪਵੇਗਾ। | ਮਕਾਨ, ਡੇਅਰੀ ਫਾਰਮ, ਫਲਦਾਰ ਅਤੇ ਗੈਰ ਫਲਦਾਰ ਦਰੱਖਤਾਂ ਦਾ ਮੁਆਵਜ਼ਾ ਸੰਬੰਧਿਤ ਵਿਭਾਗ ਵਲੋਂ ਕੀਤੀ ਅਸੈਸਮੈਂਟ ਅਨੁਸਾਰ ਦਿੱਤਾ ਜਾਵੇਗਾ। |
| 2. | ਜ਼ਮੀਨ ਦੇ ਖੁਸ ਜਾਣ ਨਾਲ ਰੋਜ਼ੀ ਰੋਟੀ ਦੇ ਸਾਧਨਾਂ ਦਾ ਖੁਸ ਜਾਣਾ | ਭੋਂ ਦੇ ਖੁਸਣ ਨਾਲ ਰੋਜ਼ੀ ਰੋਟੀ ਦੇ ਸਾਧਨ ਪ੍ਰਭਾਵਿਤ ਹੋਣਗੇ। | ਭੋਂ ਮਾਲਕਾਂ ਦੀ ਭੋਂ ਪ੍ਰਾਪਤ ਕਰਨ ਦੀ ਸੂਰਤ ਵਿਚ ਹਰ ਭੋਂ ਮਾਲਕ ਪਰਿਵਾਰ ਨੂੰ 5.00 ਲੱਖ ਰੁਪਏ ਆਰ.ਐਂਡ ਆਰ. ਵਜੋਂ ਮਦਦ ਦਿੱਤੀ ਜਾਵੇਗੀ। |
| 3. | ਬੇਜ਼ਮੀਨ ਲੋਕ ਜਿਨ੍ਹਾਂ ਦੀ ਰੋਜ਼ੀ ਰੋਟੀ ਦਾ ਮੁੱਢਲਾ ਸਾਧਨ ਪ੍ਰਭਾਵਿਤ ਹੋਇਆ ਹੈ। | ਕੋਈ ਨਹੀਂ | ਕੋਈ ਨਹੀਂ |
| 4. | ਜਨਤਕ ਸਥਾਨਾਂ/ ਸਰਕਾਰੀ ਇਮਾਰਤਾਂ ਦੀ ਗਿਣਤੀ | ਸਿੱਧੇ ਤੌਰ 'ਤੇ ਕੋਈ ਨਹੀਂ | -- |
| 5. | ਸਾਂਝੀ ਸੰਪਤੀ ਦਾ ਵੇਰਵਾ | ਗ੍ਰਾਮ ਪੰਚਾਇਤ | ਅਜਿਹੀ ਭੋਂ ਪ੍ਰਾਪਤ ਕਰਨ ਦੀ ਸੂਰਤ ਵਿਚ ਬਣਦਾ ਮੁਆਵਜ਼ਾ ਸੰਬੰਧਿਤਾਂ ਨੂੰ ਜਾਂ ਸੰਬੰਧਿਤ ਵਿਭਾਗ ਨੂੰ ਦਿੱਤਾ ਜਾਵੇਗਾ। |
| 6. | ਭੋਂ ਪ੍ਰਾਪਤੀ ਤੋਂ ਬਾਅਦ ਭੋਂ (ਖਸਰੇ) ਦੇ ਕੁਝ ਹਿੱਸੇ ਦਾ ਬਚ ਜਾਣ ਕਰਕੇ ਭੋਂ ਦਾ ਆਸੇ-ਪਾਸੇ ਬਚੇ ਦੋ ਫਾੜ ਟੁਕੜੀਆਂ ਵਾਲੀ ਜ਼ਮੀਨ | -- | ਪਲੈਨਿੰਗ ਅਨੁਸਾਰ ਹੀ ਮੌਜੂਦਾ ਭੋਂ ਪ੍ਰਾਪਤ ਕੀਤੀ ਜਾ ਰਹੀ ਹੈ ਅਤੇ ਜੇਕਰ ਕੋਈ ਭੋਂ ਦਾ ਟੁਕੜਾ ਬਚ ਜਾਵੇਗਾ ਤਾਂ ਉਸ ਬਾਰੇ ਅੱਗੇ ਹੋਣ ਵਾਲੀ ਐਕੁਜ਼ੀਸ਼ਨ ਵਿਚ ਵਿਚਾਰ ਕੀਤਾ ਜਾ ਸਕਦਾ ਹੈ। |

AS 21-1-2026

ਸਹੀ/-ਪ੍ਰਸ਼ਾਸਕ (ਆਰ.ਆਰ.)-ਕਮ-ਡਿਪਟੀ ਕਮਿਸ਼ਨਰ (ਜਨਰਲ) ਐਸ.ਏ.ਐਸ. ਨਗਰ, ਮੋਹਾਲੀ।

PR-Advt. No:-1324/12/2025-26/7332

Scanned with OKEN Scanner